ਨੰ : ਸੀ. ਸਹਾਇਕ (ਅਮਲਾ)/ਆਰ. ਟੀ. ਆਈ. ਅਪੀਲ/ਸੰ:ਰ:ਜ:/176 ਮਿਤੀ : 28/02/19
ਵਲੋਂ,

13-3-19

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

RTI

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

14 MAR 2019

1209

ਵਿਸ਼ਾ :- ਆਰ. ਟੀ. ਆਈ. ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ ਆਰ. ਟੀ. ਆਈ. / ਅੰਮ੍ਰਿਤਸਰ/ 16049, ਮਿਤੀ : 13.12.2008.

**ਯਾਦ ਪੱਤਰ :**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ ਵਾਸੀ ਪਿੰਡ ਤੇ ਡਾਕ: ਜਸਰਾਊਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਦਾਇਰ ਕੀਤੀ ਗਈ ਅਪੀਲ ਮੁੱਖ-ਦਫਤਰ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਇਸ ਦਫਤਰ ਨੂੰ ਨਿਪਟਾਰੇ ਹਿੱਤ ਪ੍ਰਾਪਤ ਹੋਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 30.01.2019 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ .ਟੀ .ਆਈ .ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ੍ਹ ਜੀ ਵਲੋਂ ਜਾਰੀ ਪੱਤਰ ਨੰ : ਅੰ ਵਿ ਪੱ ਨੰ: 51/8/2014/2 ਆਰ. ਟੀ. ਆਈ. ਐਨ. ਸੀ. / 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ. ਟੀ. ਆਈ. / 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੁੱਚਾ ਸਿੰਘ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 30.01.2019 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

275
26/3/19

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ ...1196............ ਮਿਤੀ : ...22/02/19....
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ,
ਪਿੰਡ ਤੇ ਡਾਕ: ਜਸਰਾਊਰ, ਤਹਿਸੀਲ ਅਜਨਾਲਾ,
ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ :- ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 19 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ (ਵਲੋਂ ਸ੍ਰੀ ਸੁੱਚਾ ਸਿੰਘ ਪੁੱਤਰ ਸ੍ਰੀ ਰਜਿੰਦਰ ਸਿੰਘ)।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਇਹ ਅਪੀਲ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ : ਰਸਸ/ ਆਰ.ਟੀ.ਆਈ./ ਅੰਮ੍ਰਿਤਸਰ/ 16049, ਮਿਤੀ : 13.12.2018 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 6(3) ਤਹਿਤ ਇਸ ਦਫਤਰ ਨੂੰ ਨਿਪਟਾਰੇ ਹਿੱਤ ਪ੍ਰਾਪਤ ਹੋਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 11.10.2018 ਰਾਹੀਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ (ਲੋਕ ਸੂਚਨਾ ਅਫਸਰ) ਪਾਸੋਂ 12 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ। ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਵਲੋਂ ਉਨ੍ਹਾਂ ਦੇ ਪੱਤਰ ਨੰ : ਰਸਸ/ ਆਰ.ਟੀ.ਆਈ./ ਅੰਮ੍ਰਿਤਸਰ/ 13383, ਮਿਤੀ : 22.10.2018 ਰਾਹੀਂ ਆਰ.ਟੀ.ਆਈ.ਐਕਟ-2005 ਦੇ ਸੈਕਸ਼ਨ 6(3) ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਨੂੰ ਟਰਾਂਸਫਰ ਕਰਦੇ ਹੋਏ ਪ੍ਰਾਰਥੀ ਨੂੰ ਮਿੱਥੇ ਸਮੇਂ ਅੰਦਰ ਸੂਚਨਾ ਮੁਹੱਈਆ ਕਰਾਉਣ ਲਈ ਲਿਖਿਆ ਗਿਆ। ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਵਲੋਂ ਉਨ੍ਹਾਂ ਦੇ ਪੱਤਰ ਨੰ : ਸੁਪਰਡੈਂਟ/ ਡੀ.ਆਰ.ਅੰਮ੍ਰਿਤਸਰ/ 5120, ਮਿਤੀ : 14.11.2018 ਰਾਹੀਂ ਮੁੱਖ-ਦਫਤਰ, ਚੰਡੀਗੜ੍ਹ ਵਲੋਂ ਉੱਕਤ ਅਨੁਸਾਰ ਜਾਰੀ ਪੱਤਰ ਦੀ ਪਾਲਣਾ ਕਰਦੇ ਹੋਏ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਜਨਾਲਾ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਨੂੰ ਪ੍ਰਾਰਥੀ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਹਦਾਇਤ ਕੀਤੀ ਗਈ। ਇਸ ਉਪਰੰਤ ਪ੍ਰਾਰਥੀ ਨੂੰ ਸੂਚਨਾ ਉਪਲਬੱਧ ਨਾ ਹੋਣ ਕਾਰਨ ਉਸ ਵਲੋਂ ਦਰਖਾਸਤ ਮਿਤੀ : 27.11.2018 ਰਾਹੀਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਪਾਸ ਅਪੀਲ ਦਾਇਰ ਕੀਤੀ ਗਈ।

ਅਪੀਲ ਦੀ ਸੁਣਵਾਈ ਵਾਸਤੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 09.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ ਅਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਸ੍ਰੀ ਅਮਰ ਮਲਹੋਤਰਾ, ਨਰੀਖਕ, ਸਹਿਕਾਰੀ ਸਭਾਵਾਂ, ਚੇਤਨਪੁਰਾ ਸਰਕਲ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਜਨਾਲਾ ਹਾਜਰ ਆਇਆ।

ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 16.01.2019 ਨਿਯਤ ਕੀਤੀ ਗਈ ਅਤੇ ਦੂਜੀ ਧਿਰ ਨੂੰ ਸੁਣਵਾਈ ਦੀ ਅਗਲੀ ਮਿਤੀ ਤੇ ਆਪਣਾ ਜਵਾਬ ਸੱਬਮਿਟ ਕਰਨ ਵਾਸਤੇ ਲਿਖਿਆ ਗਿਆ।

ਮਿਤੀ : 16.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਫਿਰ ਹਾਜਰ ਨਹੀਂ ਆਇਆ। ਦੂਜੀ ਧਿਰ ਵਲੋਂ ਹਾਜ਼ਰ ਆਏ ਸ੍ਰੀ ਅਮਰ ਮਲਹੋਤਰਾ, ਨਰੀਖਕ ਵਲੋਂ ਜਵਾਬ ਪੇਸ਼ ਨਹੀਂ ਕੀਤਾ ਗਿਆ। ਦੂਜੀ ਧਿਰ ਨੂੰ ਸੁਣਵਾਈ ਦੀ ਅਗਲੀ ਮਿਤੀ : 23.01.2019 ਨੂੰ ਆਪਣਾ ਜਵਾਬ ਸੱਬਮਿਟ ਕਰਨ ਲਈ ਹਦਾਇਤ ਕੀਤੀ ਗਈ।

ਮਿਤੀ : 23.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ। ਦੂਜੀ ਧਿਰ ਵਲੋਂ ਹਾਜਰ ਆਏ ਸ੍ਰੀ ਅਮਰ ਮਲਹੋਤਰਾ, ਨਰੀਖਕ, ਸਹਿਕਾਰੀ ਸਭਾਵਾਂ ਵਲੋਂ ਦੂਜੀ ਧਿਰ ਦੇ ਬੀਹਾਫ ਤੇ ਜਵਾਬ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਦੀ ਜਸਰਾਊਰ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:, ਜਸਰਾਊਰ, ਤਹਿ: ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਅਧੀਨ ਰਜਿਸਟਰਡ ਹੈ। ਸਭਾ ਵਿੱਚ ਸਰਕਾਰ ਦੀ ਕੋਈ ਰਕਮ ਕਰਜੇ/ ਸਰਕਾਰੀ ਹਿੱਸਾ ਪੂੰਜੀ ਵਜੋਂ ਮੌਜੂਦ ਨਹੀਂ ਹੈ। ਸਭਾ ਨੂੰ ਪੰਜਾਬ ਸਰਕਾਰ ਜਾਂ ਪੰਜਾਬ ਸਰਕਾਰ ਦਾ ਕੋਈ ਵਿਭਾਗ ਫਾਇਨਾਂਸ ਨਹੀਂ ਕਰਦਾ ਹੈ ਅਤੇ ਨਾ ਕੀਤਾ ਹੈ। ਸਭਾ ਆਰ.ਟੀ.ਆਈ.ਐਕਟ 2005 ਤਹਿਤ ਸੂਚਨਾ ਦੇਣ ਲਈ ਪਾਬੰਦ ਨਹੀਂ ਹੈ, ਕਿਉਂਕਿ ਸਭਾ ਇੱਕ ਪਬਲਿਕ ਅਥਾਰਟੀ ਨਹੀਂ ਹੈ। ਸਭਾ ਵਲੋਂ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰਬਰ 9017 ਆਫ 2013 ਸਬੰਧੀ ਮਿਤੀ : 07.10.2013 ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਸਹਿਕਾਰੀ ਸਭਾਵਾਂ ਜੋ ਸਹਿਕਾਰੀ ਸਭਾਵਾਂ ਐਕਟ ਅਧੀਨ ਰਜਿਸਟਰਡ ਹਨ, ਉਹ ਪਬਲਿਕ ਅਥਾਰਟੀ ਨਹੀਂ ਹਨ ਅਤੇ ਆਰ.ਟੀ.ਆਈ.ਐਕਟ 2005 ਅਧੀਨ ਨਹੀਂ ਆਉਂਦੀਆਂ ਹਨ। ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਮਤਾ ਮਿਤੀ: 05.12.2018 ਰਾਹੀਂ ਅਪੀਲਕਰਤਾ ਨੂੰ ਆਰ.ਟੀ.ਆਈ.ਐਕਟ 2005 ਤਹਿਤ ਸੂਚਨਾ ਨਾ ਦੇਣ ਵਾਸਤੇ ਫੈਸਲਾ ਲਿਆ ਗਿਆ। ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਜਨਾਲਾ (ਅਸਿਸਟੈਂਟ ਪਬਲਿਕ ਇਨਫਰਮ ਅਫਸਰ) ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਦੀ ਜਸਰਾਊਰ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਜਸਰਾਊਰ ਤੋਂ ਪ੍ਰਾਪਤ ਕਰਕੇ ਤੁਰੰਤ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ ਅਤੇ ਮਿਤੀ : 30.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਇਸ ਨਾਲ ਸਬੰਧਤ ਰੀਕਾਰਡ ਪੇਸ਼ ਕੀਤਾ ਜਾਵੇ।

ਮਿਤੀ : 30.01.2019 ਨੂੰ ਅਪੀਲ ਦੀ ਸੁਣਵਾਈ ਦੌਰਾਨ ਦੋਵਾਂ ਧਿਰਾਂ ਵਲੋਂ ਕੋਈ ਹਾਜਰ ਨਹੀਂ ਆਇਆ। ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਜਨਾਲਾ (ਅਸਿਸਟੈਂਟ ਪਬਲਿਕ ਇਨਫਰਮ ਅਫਸਰ) ਨੂੰ ਹਦਾਇਤ ਕੀਤੀ ਗਈ ਕਿ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ, ਜੋ ਉਨ੍ਹਾਂ ਦੇ ਦਫਤਰ ਵਿੱਚ ਉਪਲਬੱਧ ਹੈ, ਉਹ ਤੁਰੰਤ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ। ਇਸ ਤੋਂ ਇਲਾਵਾ ਪ੍ਰਾਰਥੀ ਦੀ ਦਰਖਾਸਤ ਵਿੱਚ ਸ਼ਾਮਿਲ ਉਹ ਸੂਚਨਾ ਜਿਸ ਵਿੱਚ large public interest ਹੈ, ਉਹ ਸੂਚਨਾ ਵੀ ਦੀ ਜਸਰਾਊਰ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਜਸਰਾਊਰ ਤੋਂ ਪ੍ਰਾਪਤ ਕਰਕੇ 15 ਦਿਨਾਂ ਅੰਦਰ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ। ਇਨ੍ਹਾਂ ਹੁੱਕਮਾਂ ਨਾਲ ਅਪੀਲ ਡਿਸਪੋਜ਼ ਆਫ ਕੀਤੀ ਜਾਂਦੀ ਹੈ।

ਮਿਤੀ : 30.01.2019.

(ਐਪੀਲੈਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।